ਕੌਮੀ ਸੇਵਾ ਯੋਜਨਾ
**National Service Scheme**

PTU
ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ
Estd. Under Punjab Technical University Act, 1996
(Punjab Act No. 1 of 1997)

Ref. No. IKGPTU/NSS/19/559

Date. 02/07/2019

ਸਮੂਹ ਐਨ.ਐਸ.ਐਸ. ਪ੍ਰੋਗਰਾਮ ਅਫਸਰ,
ਆਈ.ਕੇ.ਜੀ.ਪੀ.ਟੀ.ਯੂ. ਸਬੰਧਤ ਸੰਸਥਾਵਾਂ।

ਵਿਸ਼ਾ:- ਐਨ.ਐਸ.ਐਸ. ਯੂਨਿਟ ਸਾਲ **2019-20** ਲਈ ਮੰਗ ਭੇਜਣ ਸਬੰਧੀ।

ਸਤਿਕਾਰਯੋਗ ਜਿਓ,

ਹਰ ਸਾਲ ਨਵਾਂ ਵਿੱਦਿਅਕ ਵਰ੍ਹਾ ਸ਼ੁਰੂ ਹੋਣ ਤੇ ਯੂਨੀਵਰਸਿਟੀ ਦੇ ਐਨ.ਐਸ.ਐਸ. ਵਿਭਾਗ ਵੱਲੋਂ ਸਬੰਧਤ ਕਾਲਜਾਂ ਨੂੰ ਐਨ.ਐਸ.ਐਸ. ਯੂਨਿਟ ਅਲਾਟ ਕੀਤਾ ਜਾਂਦਾ ਹੈ ਅਤੇ ਉਸ ਅਨੁਸਾਰ Alphanumeric Code ਜਾਰੀ ਕੀਤੇ ਜਾਂਦੇ ਹਨ। ਇਸ ਵਰ੍ਹੇ ਮੰਤਰਾਲੇ ਵੱਲੋਂ ਪ੍ਰਾਪਤ ਅਲਾਟਮੈਂਟ ਅਤੇ ਟੀਚੇ ਨੂੰ ਧਿਆਨ ਰੱਖਦੇ ਹੋਏ ਅਲਾਟਮੈਂਟ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਉਪਰੋਕਤ ਵਿਸ਼ੇ ਦੀ ਲੋਅ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਪ੍ਰੋਫਾਰਮੇ (Annexure-"B") ਅਨੁਸਾਰ ਐਨ.ਐਸ.ਐਸ. ਯੂਨਿਟ ਅਲਾਟਮੈਂਟ ਲਈ ਬੇਨਤੀ ਪੱਤਰ (ਕੇਵਲ "Word Format" ਵਿੱਚ) ਐਨ.ਐਸ.ਐਸ. ਵਿਭਾਗ ਦੀ Email-id ptunss@ptu.ac.in ਤੇ ਮਿਤੀ 08/07/2019 ਤੱਕ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕਾਰਜ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਦੇ ਹੋਏ ਆਗਾਮੀ ਗਤੀਵਿਧੀਆਂ ਸਬੰਧੀ ਯੋਜਨਾ ਉਲੀਕੀ ਜਾਵੇ ਜੀ। ਬੇਨਤੀ ਪੱਤਰ ਭੇਜਣ ਤੋਂ ਪਹਿਲਾਂ ਐਨ.ਐਸ.ਐਸ. ਯੂਨਿਟ ਨਾਲ ਸਬੰਧਤ ਹਦਾਇਤਾਂ Annexure-"A" ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ ਜੀ।

**ਨੋਟ:- ਜਿਨਾਂ ਕਾਲਜਾਂ ਵਿੱਚ ਪਹਿਲਾਂ ਤੋਂ ਐਨ.ਐਸ.ਐਸ. ਯੂਨਿਟ ਚਲ ਰਿਹਾ ਹੈ ਉਹਨਾਂ ਦੇ ਲਈ ਵੀ ਇਸ ਵਾਰ ਨਵੇਂ ਯੂਨਿਟ ਲਈ ਅਪਲਾਈ ਕਰਨਾ ਜ਼ਰੂਰੀ ਹੈ।**

02/7/2019

ਡਾ. ਜਗਮੀਤ ਬਾਵਾ
(ਪ੍ਰੋਗਰਾਮ ਕੋਆਰਡੀਨੇਟਰ ਐਨ.ਐਸ.ਐਸ.)

ਉਤਾਰਾ:

1. ਸੰਯੁਕਤ ਰਜਿਸਟਰਾਰ, ਵਿਦਿਆਰਥੀ ਭਲਾਈ ਵਿਭਾਗ-ਜਾਣਕਾਰੀ ਹਿੱਤ।
2. ਕੰਟਰੋਲਰ ਪ੍ਰੀਖਿਆਵਾਂ – ਕਾਲਜ ਪ੍ਰਿੰਸੀਪਲ ਦੇ ਲਾਗਇਨ ਤੇ ਪਾਉਣ ਹਿੱਤ।
3. ਡਿਪਟੀ ਕੰਟਰੋਲਰ ਆਈ.ਟੀ.ਐਸ.-ਵੈਬਸਾਈਟ ਤੇ ਪਾਉਣ ਹਿੱਤ।
4. ਖੇਤਰੀ ਨਿਦੇਸ਼ਾਲਿਆ, ਐਨ.ਐਸ.ਐਸ. ਚੰਡੀਗੜ੍ਹ।
5. ਪ੍ਰਾਂਤ ਐਨ.ਐਸ.ਐਸ. ਅਧਿਕਾਰੀ, ਪੰਜਾਬ।
6. ਫਾਇਲ।

ਨੱਥੀ: ਨਿਰਧਾਰਤ ਪ੍ਰੋਫਾਰਮਾ ਅਤੇ ਜ਼ਰੂਰੀ ਹਦਾਇਤਾਂ।

# Annexure-"A"

## ਜ਼ਰੂਰੀ ਹਦਾਇਤਾਂ

1. ਇੱਕ ਯੂਨਿਟ ਦੀ ਮੰਗ ਲਈ 100 ਵਲੰਟੀਅਰਾਂ ਦਾ ਹੋਣਾ ਜ਼ਰੂਰੀ ਹੈ। ਅੱਧਾ ਯੂਨਿਟ ਅਲਾਟ ਨਹੀਂ ਕੀਤਾ ਜਾਵੇਗਾ।

2. ਇੱਕ ਤੋਂ ਵਧੇਰੇ ਯੂਨਿਟ ਦੀ ਮੰਗ ਭੇਜੇ ਜਾਣ ਤੇ ਹਰੇਕ ਯੂਨਿਟ ਲਈ ਅਲੱਗ-ਅਲੱਗ ਪ੍ਰੋਗਰਾਮ ਅਫਸਰ ਨਿਯੁਕਤ ਕੀਤਾ ਜਾਵੇ ਅਤੇ ਘੱਟੋ-ਘੱਟ ਇਕ ਮਹਿਲਾ ਪ੍ਰੋਗਰਾਮ ਅਫਸਰ ਦੀ ਨਿਯੁਕਤੀ ਲਾਜ਼ਮੀ ਹੈ।

3. ਜਿਸ ਸੰਸਥਾ ਵਿੱਚ Group of Institutions ਦੇ ਆਧਾਰ ਤੇ ਅਲੱਗ-ਅਲੱਗ ਕਾਲਜ ਹਨ, ਉੱਥੇ ਹਰ ਇੱਕ ਕਾਲਜ ਲਈ ਅਲੱਗ-ਅਲੱਗ ਮੰਗ ਭੇਜੀ ਜਾਵੇ ਅਤੇ ਅਲੱਗ-ਅਲੱਗ ਕਾਲਜਾਂ ਦੇ ਵੇਰਵੇ ਲਈ ਅਲੱਗ-ਅਲੱਗ ਪ੍ਰੋਫਾਰਮਾ ਵਰਤਿਆ ਜਾਵੇ।

4. ਸਾਰੀ ਜਾਣਕਾਰੀ ਨਾਲ ਨੱਥੀ Annexure-B ਵਿੱਚ ਕੇਵਲ "Word Format" ਦੇ ਰੂਪ ਵਿੱਚ ਭਰ ਕੇ ਭੇਜੀ ਜਾਵੇ। Image, Pdf, Excel ਆਦਿ ਵਿੱਚ ਭੇਜੀ ਗਈ ਜਾਣਕਾਰੀ ਸਵੀਕਾਰ ਨਹੀਂ ਕੀਤੀ ਜਾਵੇਗੀ।

5. ਉਪਰੋਕਤ ਜਾਣਕਾਰੀ ਵਿਭਾਗ ਦੀ Email-ID ptunss@ptu.ac.in ਤੇ ਭੇਜੀ ਜਾਵੇ ਅਤੇ ਭਵਿੱਖ ਵਿੱਚ ਵੀ ਐਨ.ਐਸ.ਐਸ. ਸਬੰਧੀ ਗਤੀਗਿਧੀਆਂ ਲਈ ਇਸ ਤੇ ਹੀ ਸੰਪਰਕ ਕੀਤਾ ਜਾਵੇ।

6. ਬੇਨਤੀ ਪੱਤਰ ਪ੍ਰਾਪਤ ਹੋਣ ਤੋਂ ਬਾਅਦ ਸਬੰਧਤ ਕਾਲਜ ਨੂੰ ਯੂਨਿਟ ਅਲਾਟਮੈਂਟ ਸਬੰਧੀ ਅੰਤਿਮ ਫੈਸਲਾ ਯੂਨੀਵਰਸਿਟੀ ਵੱਲੋਂ ਲਿਆ ਜਾਵੇਗਾ ਅਤੇ ਅਲਾਟਮੈਂਟ ਸਬੰਧੀ ਸੂਚਨਾ ਸਮੂਹ ਕਾਲਜਾਂ ਨੂੰ ਜਲਦ ਭੇਜ ਦਿੱਤੀ ਜਾਵੇਗੀ।

7. ਪ੍ਰੋਗਰਾਮ ਅਫਸਰ ਦੀ ਨਿਯੁਕਤੀ ਸਮੇਂ ਉਨ੍ਹਾਂ ਨਾਲ ਇਸ ਸਬੰਧੀ ਵਿਸਤਾਰ ਸਹਿਤ ਚਰਚਾ ਕਰ ਲਈ ਜਾਵੇ ਤਾਂ ਜੋ ਪ੍ਰੋਗਰਾਮ ਅਫਸਰ ਵੱਲੋਂ ਇਸ ਜਿੰਮੇਦਾਰੀ ਨੂੰ ਸ਼ਿੱਦਤ ਨਾਲ ਨਿਭਾਇਆ ਜਾ ਸਕੇ। ਪ੍ਰੋਗਰਾਮ ਅਫਸਰ ਦੀ ਨਿਯੁਕਤੀ ਸਮੇਂ ਇਹ ਵੀ ਧਿਆਨ ਦਿੱਤਾ ਜਾਵੇ ਕਿ ਕਿਸੇ ਪੁਰਾਣੇ ਅਤੇ ਤਜੁਰਬੇਕਾਰ ਅਧਿਆਪਕ ਸਾਹਿਬਾਨ ਨੂੰ ਹੀ ਐਨ.ਐਸ.ਐਸ. ਦੀ ਜਿੰਮੇਦਾਰੀ ਦਿੱਤੀ ਜਾਵੇ।

8. ਐਨ.ਐਸ.ਐਸ. ਦੀ ਗਤੀਵਿਧੀ ਇੱਕ ਲਗਾਤਾਰ ਚੱਲਣ ਵਾਲੀ ਗਤੀਵਿਧੀ ਹੈ। ਇਸ ਨੂੰ ਧਿਆਨ ਚ ਰੱਖਦੇ ਹੋਏ ਪ੍ਰੋਗਰਾਮ ਅਫਸਰ ਨੂੰ ਐਨ.ਐਸ.ਐਸ. ਦੀ ਜਿੰਮੇਵਾਰੀ ਤੋਂ ਅਲਾਵਾ ਹੋਰ ਗਤੀਵਿਧੀਆਂ ਦੀ ਜਿੰਮੇਵਾਰੀ ਦੇਣ ਤੋਂ ਪ੍ਰਹੇਜ਼ ਕੀਤਾ ਜਾਵੇ ਜੀ।

9. ਇਸ ਸਬੰਧੀ ਹੋਰ ਕਿਸੇ ਵੀ ਜਾਣਕਾਰੀ ਲਈ ਵਿਭਾਗ ਦੇ ਫੋਨ ਨੰ: 01822-282561 ਤੇ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ।

## Annexure" B"

## Performa for submission of proposal for NSS Unit(s)

| S No | Name of the College/Institution | |
|---|---|---|
| 1. | Weather running under the Group of Institutions? If yes, indicate the Group name | |
| 2. | Complete postal address of the College/Institution with pin code | |
| 3. | Name of the Director/Principal | |
| 4. | Director/principal's contact no and mail id | |
| 5. | Required Unit(s) | |
| 6. | Proposed NSS Programme Officer(s) | 1) Name............... <br> Mobile No. ............ <br> E-Mail ID .............. <br><br> 2) Name ............... <br> Mobile No. ............. <br> E-Mail-ID ............... |
| 7. | Name of the adopted Village/Slum(s) | |
| 8. | Total strength of College | |
| 9. | Past experience of the College in social work | |
| 10 | Whether the College already has NSS unit(s)? If yes, indicate the no. of unit(s) | |

*One Unit includes 100 Volunteers

Programme Officer NSS

Director/Principal of College/Institution